JS/CE/PD 29/8 FR

SE/EE/SDE/Supdt/OM/DD(IT)/MA
No. 2509- dt. 29-8-19

22 21/8

ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਤੇ ਸੜਕਾਂ -3 ਸ਼ਾਖਾ)

ਸੇਵਾ ਵਿਖੇ,

ਸਮੂਹ ਮੁੱਖ ਇੰਜੀਨੀਅਰ,
ਪੰਜਾਬ, ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ), CPRSDB
ਪਟਿਆਲਾ/ਚੰਡੀਗੜ੍ਹ।

ਮੀਮੋ ਨੰ: 11/05/2019-5ਇਸ3/ 1552428 |
ਮਿਤੀ, ਚੰਡੀਗੜ੍ਹ: 20-8-2019

ਵਿਸ਼ਾ:- ਬਿਲਡਿੰਗਾਂ ਦੀ ਮੈਂਟੀਨੈਂਸ ਅਤੇ ਰਿਪੇਅਰ ਨਾਲ ਸਬੰਧਤ ਮੱਦ 2059-ਲੋਕ ਨਿਰਮਾਣ-60-ਹੋਰ ਇਮਾਰਤਾਂ-053-ਸਾਂਭ ਸੰਭਾਲ (ਨ.ਪ.) ਅਧੀਨ ਪ੍ਰਾਪਤ ਹੋਏ ਐਸਟਮੇਟਾਂ ਸਬੰਧੀ।

*****

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਆਪ ਵੱਲੋਂ ਸਰਕਾਰੀ ਇਮਾਰਤਾਂ ਦੀ ਰਿਪੇਅਰ ਅਤੇ ਰੈਨੋਵੇਸ਼ਨ ਦੇ ਅਨੁਮਾਨ ਮੁੱਖ ਇੰਜੀਨੀਅਰ (ਇਮਾਰਤਾਂ)-ਕਮ-ਮੈਂਬਰ ਸਕੱਤਰ, ਲੋਕ ਨਿਰਮਾਣ ਵਿਭਾਗ ਨੂੰ ਭੇਜਣ ਦੀ ਬਿਜਾਏ ਸਿੱਧੇ ਤੌਰ ਤੇ ਸਰਕਾਰ ਨੂੰ ਪ੍ਰਸ਼ਾਸਕੀ ਪ੍ਰਵਾਨਗੀ ਜਾਰੀ ਕਰਨ ਲਈ ਭੇਜ ਦਿੱਤੇ ਜਾਂਦੇ ਹਨ। ਜਦੋਂ ਕਿ ਮੱਦ 2059-ਲੋਕ ਨਿਰਮਾਣ-60-ਹੋਰ ਇਮਾਰਤਾਂ-053-ਸਾਂਭ ਸੰਭਾਲ (ਨ.ਪ.) ਅਧੀਨ ਬਿਲਡਿੰਗਾਂ ਦੀ ਮੈਂਟੀਨੈਂਸ ਅਤੇ ਰਿਪੇਅਰ ਸਬੰਧੀ ਕਮੇਟੀ ਦਾ ਗਠਨ ਕੀਤਾ ਹੋਇਆ ਹੈ, ਜਿਸ ਵਿੱਚ ਮੁੱਖ ਇੰਜੀਨੀਅਰ-ਕਮ-ਨੋਡਲ ਅਫਸਰ (ਇਮਾਰਤਾਂ) ਬਤੌਰ ਮੈਂਬਰ ਸਕੱਤਰ, ਲੋਕ ਨਿਰਮਾਣ ਵਿਭਾਗ ਨਿਯੁਕਤ ਕੀਤੇ ਹੋਏ ਹਨ। ਮੱਦ 2059 ਨਾਨ ਪਲਾਨ ਅਧੀਨ ਪ੍ਰਾਪਤ ਹੋਏ ਐਸਟੀਮੇਟਸ ਕਮੇਟੀ ਦੇ ਮੈਂਬਰ ਸਕੱਤਰ ਵੱਲੋਂ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਕੀਤੇ ਜਾਂਦੇ ਹਨ ਤਾਂ ਜੋ ਇਹਨਾਂ ਅਨੁਮਾਨਾਂ ਦਾ ਮੁਲਾਂਕਣ ਕੀਤਾ ਜਾ ਸਕੇ। ਇਸ ਤਰ੍ਹਾਂ ਕਮੇਟੀ ਵਿੱਚ ਪ੍ਰਵਾਨ ਹੋਣ ਉਪਰੰਤ ਹੀ ਅਨੁਮਾਨਾਂ ਦੀ ਸਰਕਾਰ ਵੱਲੋਂ ਪ੍ਰਸ਼ਾਸਕੀ ਪ੍ਰਵਾਨਗੀ ਜਾਰੀ ਕੀਤੀ ਜਾਂਦੀ ਹੈ।

3. ਇਸ ਲਈ ਭਵਿੱਖ ਵਿੱਚ ਸਰਕਾਰੀ ਇਮਾਰਤਾਂ ਦੀ ਰਿਪੇਅਰ ਅਤੇ ਰੈਨੋਵੇਸ਼ਨ ਦੇ ਅਨੁਮਾਨ ਸਿੱਧੇ ਤੌਰ ਤੇ ਸਰਕਾਰ ਨੂੰ ਨਾ ਭੇਜਦੇ ਹੋਏ ਮੁੱਖ ਇੰਜੀਨੀਅਰ (ਇਮਾਰਤਾਂ)-ਕਮ-ਮੈਂਬਰ ਸਕੱਤਰ, ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ) ਭਾਵ ਮੁੱਖ ਇੰਜੀਨੀਅਰ (ਨਾਰਥ)-ਕਮ-ਨੋਡਲ ਅਫਸਰ (ਇਮਾਰਤਾਂ), ਲੋਕ ਨਿਰਮਾਣ ਵਿਭਾਗ (ਭ ਤੇ ਮ ਸ਼ਾਖਾ), ਚੰਡੀਗੜ੍ਹ ਨੂੰ ਭੇਜੇ ਜਾਣ ਤਾਂ ਜੋ ਲੋੜੀਂਦੀ ਕਾਰਵਾਈ ਸੁਚਾਰੂ ਢੰਗ ਨਾਲ ਹੋ ਸਕੇ।

ਸੁਪਰਡੰਟ